# ਆਦਮ ਦੇ ਵਾਂਗ ਅਸੀ ਸਭਨਾ ਨੇ ਪਾਪ ਕੀਤਾ


## ਸਾਡਾ ਪਾਪ ਸਾਨੂੰ ਦੋਸ਼ੀ ਠਹਿਰਾਉਂਦਾ ਹੈ, ਸ਼ਰਮ ਮਹਿਸੂਸ ਕਰਾਉਂਦਾ ਹੈ ਅਤੇ ਪਾਪ ਦੀ ਮਜਦੂਰੀ ਵਿੱਚ ਜਕੜ ਦੇਦਾ ਹੈ

ਜਿਹੜੇ ਬੱਚਿਆਂ ਨੂੰ ਪੜ੍ਹਾਂਉਂਦੇ ਹਨ, ਉਹ ਪੜਨ ਡਬਲ S 4b

**ਪ੍ਰਥਨਾ**:- ਪਰਮੇਸ਼ਵਰ ਯੀਸ਼ੂ, ਤੁਸੀ ਮਰੇ ਅਤੇ ਸਾਨੂੰ ਆਪਣੇ ਪਾਪਾਂ ਦੇ ਨਤੀਜੇ ਤੋਂ ਛੁੜਾ ਸਕੇ। ਕਿਰਪਾ ਕਰਕੇ ਸਾਡੀ ਸਹਾਇਤਾ ਕਰੋ। ਆਪਣੇ ਪਾਪਾ ਦੀ ਦੁਸ਼ਟਤਾ ਨੂੰ ਕੱਢ ਕੇ ਅਸੀ ਪਾਪਾਂ ਦੇ ਉੱਤੇ ਜਿੱਤ ਦੇ ਨਾਲ ਆਪਣਾ ਜੀਵਨ ਬਿਤਾਈਏ। ਆਮੀਨ''

ਇਨ੍ਹਾਂ ਚੀਜਾ ਵਿੱਚੋ ਜਿਹੜੀਆ ਕਿ ਤੁਹਾਡੇ ਸਮਾਜ ਦੇ ਲਈ ਠੀਕ ਹੋਣ ਜਾਂ ਜਰੂਰਤ ਨੂੰ ਪੂਰੀ ਕਰੇ, ਉਸ ਨੂੰ ਚੁਣ ਲਉ।

1. **ਆਪਣੇ ਆਪ ਨੂੰ ਪਰਮੇਸ਼ਵਰ ਦੇ ਵਚਨ ਅਤੇ ਪ੍ਰਾਥਨਾ ਨਾਲ ਤਿਆਰ ਕਰੋ ਕਿ ਤੁਸੀ ਆਪਣੀ ਕਲੀਸੀਆ ਨੂੰ ਪਾਪ ਦੀ ਦੁਸ਼ਟਤਾ ਦੇ ਬਾਰੇ ਸਮਝਾ ਸੱਕੋ।**



ਬਾਈਬਲ ਸਿਖਾਉਦੀ ਹੈ ਕਿ ਸਾਰੇ ਹੀ ਪਾਪ ਦੇ ਵਿੱਚ ਪੈਦਾ ਹਏ ਹਨ।

ਉਤਪਤ ਵਿੱਚ ਲੱਭੋ 3:1-9

ਪਾਪ ਕਿੱਥੋਂ ਆਇਆ। ਸਾਰੇ ਪਾਪੀ ਹਨ ਅਤੇ ਹਰੇਕ ਨੇ ਪਾਪ ਕੀਤਾ ਹੈ *(1 ਯਹੂੰਨਾ 1:8-10)*

- ਸਾਡੇ ਪੁਰਖਿਆ ਨਾਲ ਸ਼ੈਤਾਨ ਨੇ ਕਿਹੜਾ ਪਹਿਲਾ ਝੂਠ ਬੋਲਿਆ? *(ਆਇਤ 4 ਅਤੇ 5)*
- ਪਰਮੇਸ਼ਵਰ ਨੇ ਕਿਹੜੀ ਸਜਾ ਸੈਤਾਨ ਦੇ ਵਿਰੁੱਧ ਕੀਤੀ? *(ਆਇਤ 13-15)*
- ਸਾਡੇ ਪਰਖਿਆ ਦੇ ਵਿਰੋਧ ਵਿੱਚ ਪਰਮੇਸ਼ਵਰ ਨੇ ਕਿਹੜੀ ਸਜਾ ਦਿੱਤੀ? *(ਆਇਤ 16-19)*

**ਖੋਜੋ ਜਬੂਰਾ ਦੀ ਪੋਥੀ 51:1-5** ਰਾਜੇ ਦਾਊਦ ਨੇ ਆਪਣੇ ਪਾਪਾਂ ਦੇ ਵਿਰੁੱਧ ਕੀ ਆਖਿਆ

- ਉਸਨੇ ਆਪਣੀ ਕਿਹੜੀ ਜਰੂਰਤ ਨੂੰ ਜਾਣ ਲਿਆ? *(ਆਇਤ 1-2)*
- ਉਸਨੇ ਆਪਣੇ ਪਾਪ ਦੇ ਬਾਰੇ ਕੀ ਕਿਹਾ? *(ਆਇਤ 3)*
- ਉਸਨੇ ਕਿਹਦੇ ਵਿਰੁੱਧ ਪਾਪ ਕੀਤਾ? *(ਆਇਤ 4)*
- ਉਹ ਕਦੋਂ ਪਾਪੀ ਬਣਿਆ? *(ਆਇਤ 5)*

ਖੋਜੋ ਇੰਬਰਾਨੀਆ 12:1-4 ਕਿ ਸਾਡਾ ਪਾਪ ਕਿੰਨਾ ਖਤਰਨਾਕ ਹੈ:

- ਅਸੀ ਵਿਸ਼ਵਾਸੀਆ ਦੇ ਲਈ ਪਾਪ ਕਰਨਾ ਕਿੰਨਾ ਠੀਕ ਹੈ? *(ਆਇਤ 1)*
- ਯੀਸ਼ੂ ਮਸ਼ੀਹ ਨੇ ਸਲੀਬ ਉੱਤੇ ਸਾਡੇ ਪਾਪਾਂ ਦੇ ਕਾਰਣ ਕੀ ਸਹਿਣ ਕੀਤਾ। *(ਆਇਤ 2)*
- ਦੂਜੇ ਪਾਪਿਆਂ ਦੇ ਕਾਰਣ ਸਾਡਾ ਕੀ ਹੁੰਦਾ ਹੈ? (ਆਇਤ 3)
- ਅਸੀ ਸਾਰੇ ਕਿਉ ਕਦੀ-ਕਦੀ- ਪਾਪਾ ਦੇ ਵੱਸ ਹੋ ਜਾਦੇ ਹਾਂ? *(ਆਇਤ 4)*



ਸਾਡੇ ਪਾਪਾਂ ਦੇ ਤਿੰਨ ਤਰ੍ਹਾਂ ਦੇ ਭਿਆਨਕ ਨਤੀਜੇ ਹਨ ਜੁਰਮ, ਸ਼ਰਸ, ਅਤੇ ਗੁਲਾਮੀ

**ਅਪਰਾਧੀ (ਜੁਰਮ) ਦਾ ਮਹਿਸੂਸ ਹੋਣਾ** :- ਅਸੀ ਸਾਰੇ ਪਰਮੇਸ਼ਵਰ ਦੇ ਸਾਹਮਣੇ।

- ਅਪਰਾਧੀ ਵਾਗ ਹਾਂ, ਜਿੰਨ੍ਹਾਂ ਦਾ ਮੁਕੱਦਮਾ ਅਦਾਲਤ ਵਿੱਚ ਚੱਲ ਰਿਹਾ ਹੈ ਅਤੇ ਜੱਜ ਨੇ ਉਨਾ ਦੇ ਵਿਰੁੱਧ ਫੈਸਲਾ ਦੇ ਦਿੱਤਾ ਹੋਵੇ, ਉਸ ਤਰਾ ਪਰਮੇਸ਼ਵਰ ਦੇ ਮਨਮੁੱਖ ਸਾਨੂੰ ਵੀ ਆਪਣੇ ਪਾਪਾ ਦਾ ਹਿਸਾਬ ਦੇਣਾ ਹੈ।

- ਕਿਸਮਤ ਨਾਲ ਯੀਸ਼ੂ ਮਸੀਹ ਨੇ ਵੀ ਆਪਣੇ ਪਾਪਾਂ ਨੂੰ ਆਪਣੇ ਉੱਤੇ ਲੈ ਕੇ, ਸਲੀਬ ਤੇ ਚੜ੍ਹ ਕੇ ਮੌਤ ਨੂੰ ਪਾ ਲਿਆ, ਇਸੇ ਤਰ੍ਹਾਂ ਪਰਮੇਸ਼ਵਰ ਵੀ ਸਾਡੇ ਬਦਲੇ ਉਨ੍ਹਾਂ ਸਭਨਾ ਪਾਪਾਂ ਨੂੰ ਜਿਹੜੇ ਯੀਸ਼ੂ ਮਸੀਹ ਤੇ ਵਿਸ਼ਵਾਸ ਰੱਖਦੇ ਹਨ ਮਾਫ ਕਰਦਾ ਹੈ।

  ਸ਼ਰਮ - ਸਾਨੂੰ ਆਪਣੇ ਪਰਮੇਸ਼ਵਰ ਦੇ ਸਾਹਮਣੇ ਸ਼ਰਮਸਾਰ ਹੋਣਾ ਪਵੇਗਾ।

- ਉਸ ਮਨੁੱਖ ਵਾਂਗ, ਜਿਹੜਾ ਅਜਿਹਾ ਕੰਮ ਕਰੇ ਕਿ ਫੜਿਆ ਜਾਣ ਤੇ ਸ਼ਰਮਸਾਰ ਹੋਵੇ। ਇਸੇ ਤਰ੍ਹਾਂ ਅਸੀਂ ਵੀ ਉਸ ਵਾਂਗ ਬਹੁਤ ਸ਼ਰਮਸਾਰ ਹੋਵਾਂਗੇ, ਜਦੋਂ ਨਿਆਂ ਵੇਲੇ, ਸਾਡੇ ਪਾਪ, ਪਰਮੇਸ਼ੁਰ ਦੇ ਸਾਹਮਣੇ ਪੇਸ਼ ਕੀਤੇ ਜਾਣਗੇ
- ਮਗਰ - ਪਰਮੇਸ਼ਵਰ ਦਾ ਧੰਨਵਾਦ ਹੋਵੇ - ਪ੍ਰਭੂ ਯੀਸ਼ੂ ਨੇ ਸਾਡੇ ਬਦਲੇ ਲੋਕਾਂ ਦੇ ਸਾਹਮਣੇ, ਸ਼ਰਮ ਨੂੰ ਸਹਿ ਲਿਆ। ਜਿਹਦੇ ਨਾਲ, ਜਦੋ ਉਹ ਮੁੜ ਵਾਪਿਸ ਆਏਗਾ, ਸਾਨੂੰ ਸ਼ਰਮਿੰਦਾ ਨਹੀ ਹੋਣਾ ਪਵੇਗਾ।

  **3. ਗੁਲਾਮੀ।** ਪਾਪਾਂ ਵਿੱਚ ਪੈ ਕੇ ਅਸੀ ਉਹਦੀ ਗੁਲਾਮੀ ਵਿੱਚ ਫੜੇ ਜਾਦੇ ਹਾਂ

- ਉਸ ਇੱਕ ਸ਼ਰਾਬੀ ਦੇ ਵਾਂਗ ਜਿਹੜਾ ਕਿ ਸ਼ਰਾਬ ਪੀਣਾ ਬੰਦ ਨਹੀ ਕਰਦਾ, ਅਤੇ ਉਹਦਾ ਪਰਿਵਾਰ, ਉਹਦੇ ਪੀਣ ਦੀ ਆਦਤ ਦੇ ਕਾਰਣ (ਖਤਮ) ਨਾਸ ਹੋ ਜਾਂਦਾ ਹੈ। ਅਸੀ ਵੀ ਸਭ ਤਰ੍ਹਾਂ ਦੇ ਪਾਪਾਂ ਤੋਂ ਭਰੇ ਨਸ਼ੇ ਦੇ ਆਦੀ ਹੋ ਜਾਂਦੇ ਹਾਂ, ਜਿਵੇ ਸ਼ਰਾਬ - ਨਸ਼ੇ ਦੀ ਚੀਜ, ਝੂਠੇ ਇਸ਼ਵਰ, ਗਲਤ ਕੰਮ ਅਤੇ ਕਾਨੂੰਨ ਦੇ ਬਾਹਰ ਸਬੰਧ।
- ਪਰ ਪਰਮੇਸ਼ਵਰ ਦੀ ਵਡਿਆਈ ਹੋਵੇ। ਜਦੋਂ ਯੀਸ਼ੂ ਮਸ਼ੀਹ ਸਲੀਬ ਉੱਤੇ ਸਾਡੇ ਹਰੇਕ ਲਈ ਮਰਿਆ, ਉਹਨੇ ਸਾਰੀਆ ਬੁਰੀਆਂ ਸ਼ਕਤੀਆਂ ਨੂੰ ਨਾਸ਼ ਕਰ ਦਿੱਤਾ, ਅਤੇ ਉਨਾ ਦੀ ਗੁਲਾਮੀ ਤੋਂ ਸਾਨੂੰ ਸਾਰਿਆਂ ਨੂੰ ਛੁੱਡਾ ਲਿਆ।

**2. ਆਪਣੇ ਸਾਥੀਆਂ ਨਾਲ ਮਿਲ ਕੇ ਆਉਣ ਵਾਲੇ ਹਫਤੇ ਵਿੱਚ ਹੋਣ ਵਾਲੇ ਕੰਮ ਦੀ ਯੋਜਨਾ ਬਣਾਉ।**

- ਇੱਕਠੇ ਹੋ ਕੇ ਗੱਲਬਾਤ ਕਰੋ ਕਿ ਆਪਣੀ ਕਲੀਸਿਆ ਦੇ ਕਿਸ ਮੈਂਬਰ ਨੂੰ, ਕਿਹੜੀ ਆਦਤ ਤੋਂ ਮਾਫੀ ਮਿਲੇ ਅਤੇ ਛੁੜਾਇਆ ਜਾ ਸਕੇ।

  ਕਿਹੜੇ ਮੈਬਰਾਂ ਨੂੰ ਪਰਮੇਸ਼ਵਰ ਦੀ ਮਾਫੀ ਦੀ ਜਰੂਰਤ ਹੈ, ਜਿਹੜੀ ਉਨ੍ਹਾਂ ਦੁਆਰਾ ਕੀਤੇ ਗਏ ਪਾਪਾਂ ਤੋਂ ਮਿਲੇ।

- ਜਾਉ ਅਤੇ ਉਨ੍ਹਾਂ ਨੂੰ ਮਿਲੋ। ਉਨ੍ਹਾਂ ਦੀ ਸਹਾਇਤਾ ਕਰੋ ਕਿ ਉਹ ਆਪਣੇ ਪਾਪਾਂ ਨੂੰ ਮੰਨ ਲੈਣ। ਉਨ੍ਹਾਂ ਨੂੰ ਪ੍ਰਭੂ ਭੋਜ ਦਿਉ, ਅਤੇ ਉਨ੍ਹਾਂ ਦੇ ਨਾਲ ਪ੍ਰਾਥਨਾ ਕਰੋ ਕਿ ਉਹ ਮਾਫੀ ਨੂੰ ਜਾਣ ਸਕਣ।
- ਕਿਹੜਾ ਮੈਬਰ ਅਜੇ ਵੀ ਆਪਣੇ ਪੁਰਾਣੇ ਜੀਵਨ ਤੋਂ ਸ਼ਰਮ ਮਹਿਸੂਸ ਨਹੀਂ ਕਰਦਾ ਹੈ? ਜਾਉ ਉਸ ਨਾਲ ਗੱਲਬਾਤ ਕਰੋ। ਅਤੇ ਉਨ੍ਹਾਂ ਦੀ ਸਹਾਇਤਾ ਕਰੋ ਕਿ ਉਹ ਆਪਣੀ ਬੁਰੀ ਆਦਤ ਨੂੰ ਛੱਡ ਸਕਣ।
- ਅਤੇ ਲਗਾਤਾਰ ਉਨ੍ਹਾਂ ਦੇ ਨਜ਼ਰ ਰੱਖੋ ਤਾਂ ਕਿ ਉਨ੍ਹਾਂ ਨੂੰ ਸਮੇ ਦੀਆਂ ਚੀਜਾਂ ਤੋਂ ਮੁਕਤੀ ਮਿਲੇ, ਪ੍ਰਾਥਨਾ ਕਰੋ।

  ਸਾਰੇ ਮੈਬਰਾ ਦੀ ਯਾਦ ਕਰਨ ਵਿੱਚ ਮੱਦਦ ਕਰੋ **1 ਯਹੂੰਨਾ 2:28**

**3. ਆਪਣੇ ਸਾਥੀਆਂ ਨਾਲ ਅਰਾਧਨਾ ਨੂੰ ਸਹੀ ਤਰੀਕੇ ਨਾਲ ਚਲਾਉਣ ਦੀ ਯੋਜਨਾ ਬਣਾਉ।**

ਨਾਟਕ ਨਾਲ ਆਦਮ ਅਤੇ ਹਵਾ ਦੀ ਕਹਾਣੀ ਦੇ ਅਧਾਰ ਤੋਂ ਜਦੋਂ ਉਹ ਪਾਪ ਵਿੱਚ ਗਿਰ ਜਾਦੇ ਹਨ ਦਿਖਾਉ ਜਾ ਦੱਸੋ। ਉਤਪਤ 3 ਬਾਪ ਵਿੱਚ 1 ਭਾਗ ਵਿੱਚ ਦਿੱਤੇ ਗਏ ਪ੍ਰਸ਼ਨਾ ਨੂੰ ਪੁੱਛੋ।

ਭਾਗ 1 ਵਿੱਚ ਦਿੱਤੇ ਗਏ ਪਾਪ ਦੇ ਬਾਰੇ ਵਿੱਚ, ਜਿਹੜੇ ਦਾਊਦ ਨੇ ਕੀਤਾ ਸੀ। ਪ੍ਰਸ਼ਨ ਪੁੱਛੋ ਅਤੇ ਸਮਝਾਉ। ਛੋਟੇ ਰੂਪ ਵਿੱਚ ਰੋਮੀਉ 3:19-23 ਦੀਆਂ ਸਚਾਈਆਂ ਨੂੰ ਸਮਝਾਉ, 1 ਯਹੂੰਨਾ 5:16-19 ਅਤੇ ਇੰਬਰਾਨੀਆਂ 12:1-4 ਦੇ ਕੁਝ ਭਾਗ 1 ਵਿੱਚ ਦਿੱਤੇ ਗਏ ਹਨ, ਉਹੀ ਪ੍ਰਸ਼ਨ ਪੁਛੋ।

ਉਹ ਵਿਸ਼ਵਾਸੀ ਜਿੰਨਾ ਨੇ ਹੁਣੇ ਹੁਣੇ ਹੀ ਗੰਦੀਆਂ ਆਦਤਾਂ ਜਾਂ ਦੁਸ਼ਟ ਆਤਮਾ ਤੋਂ ਮੁਕਤੀ ਪਾਈ ਹੈ, ਗਵਾਹੀਆਂ ਦੇਣ। ਬੱਚਿਆਂ ਨੇ ਜਿਹੜੇ ਨਾਟਕ ਉਨ੍ਹਾਂ ਨੇ ਤਿਆਰ ਕੀਤਾ ਹੈ ਪੇਸ਼ ਕਰਣ ਅਤੇ ਪ੍ਰਸ਼ਨ ਵੀ ਪੁੱਛੋ।

ਪੜੋ ਜਾ ਕਰਕੇ ਦਿਖਾਉ ਰਸੂੰਲਾ ਦੇ **ਕੰਮ 19:11-20** ਤਦ ਉਨਾ ਨੂੰ ਸਮਝਾਉ ਕਿ ਕਿਸ ਤਰਾ ਲੋਕ ਆਪਣੇ ਪਾਪਾ ਨੂੰ ਮੰਨ ਲੈਦੇ ਅਤੇ ਖਰਾਬ ਚਰਿੱਤਰ ਵਾਲਾ ਗੁਲਾਮੀ ਤੋਂ ਛੁਟਕਾਰਾ ਪਾਉਦੇ ਹਨ। ਇਸ ਤਰਾ ਉਹਨੂੰ ਮਾਫ ਕੀਤਾ ਗਿਆ ਅਤੇ ਆਪਣੀਆ ਸ਼ਰਮਨਾਕ ਗੱਲਾ ਤੋਂ ਛੁਟਕਾਰਾ ਮਿਲਿਆ ਤੇ ਦੁਸ਼ਟ ਆਤਮਾ ਦੀ ਗੁਲਾਮੀ ਤੋਂ ਮੁਕਤੀ ਮਿਲੀ।

ਪਰਮੇਸ਼ਵਰ ਦੀ ਮੇਜ ਨੂੰ ਸ਼ੁਰੂ ਕਰਨ ਲਈ ਪੜੋ ਉਤਪਤ 3:6-10 ਅਤੇ 21, ਆਇਤ, ਉਨਾ ਨੂੰ ਸਮਝਾਉ ਕਿ ਆਦਮ ਅਤੇ ਹੋਹਵਾ ਨੇ ਆਪਣੀ ਸ਼ਰਮ ਨੂੰ ਝੁਕਾਉਣ ਲਈ ਫਗੂੜੀ ਦੇ ਪੱਤੇ ਨੂੰ ਪਾ ਲਿਆ, ਪਰ ਪਰਮੇਸ਼ਵਰ ਨੇ ਉਨਾ ਨੂੰ ਜਾਨਵਰਾ

ਦੀ ਖੱਲ (ਚਮੜੇ) ਦੇ ਚੋਲੇ ਪਹਿਨਾ ਦਿੱਤੇ। ਕਿਉਕਿ ਸਾਡੇ ਪਾਪ ਪਰਮੇਸ਼ਵਰ ਦੀ ਨਜਰ ਤੋਂ ਤਦੋਂ ਹੀ ਲੁੱਕ ਸਕਦੇ ਹਨ ਜਦੋਂ ਕਿਸੇ ਨਿਰਦੋਸ਼ ਦਾ ਲਹੂ ਬਹਾਇਆ ਜਾਵੇ।

ਜਾਨਵਰਾ ਦਾ ਬਲਿਦਾਣ ਪ੍ਰਭੂ ਯੀਸ਼ੂ ਦੇ ਭਵਿਖ ਨੂੰ ਦਰਸਾਉਂਦਾ ਹੈ, ਜਿਸ ਵਿੱਚ ਉਹਨੂੰ ਪਰਮੇਸ਼ਵਰ ਦਾ ਮੇਮਨਾ ਜਿਹੜਾ ਸਾਰੇ ਸੰਸਾਰ ਦੇ ਪਾਪਾ ਨੂੰ ਚੁੱਕਣ ਲਈ ਜਾਦਾ ਹੈ, ਕਰ ਕੇ ਦਿਖਾਇਆ ਗਿਆ ਹੈ।

ਦੋਂ ਜਾ ਤਿੰਨ ਬੱਚਿਆਂ ਨੂੰ ਇੱਕਠੇ ਕਰਕੇ ਛੋਟੇ ਸਮੂੰਹ ਬਨਾਉ ਅਤੇ ਉਹ ਕਿਸ ਵੀ (ਸਧਾਰਣ) ਆਮ ਮੰਨ ਲੈਣ, ਅਤੇ ਪ੍ਰਾਥਨਾ ਕਰਕੇ ਇੱਕ ਦੂਜੇ ਦੀ ਮਾਫੀ ਅਤੇ ਰਿਹਾਈ ਦੇ ਲਈ।

**ਇੱਕਠੇ ਯਾਦ** ਕਰੋ ਯਸਾਯਾਹ 1:18

Copyright 2004 © by Paul-Timothy. May be freely copied. Download from www.Paul-Timothy.net